# ਤੁਹਾਡੇ ਬਿੱਲਾਂ ਦਾ ਭੁਗਤਾਨ ਕਰਨ ਵਿੱਚ ਮਦਦ ਕਰਨਾ

**ਤੁਸੀਂ ਕਾਉਂਟੀ ਆਫ ਸਾਂਤਾ ਕਲਾਰਾ ਹੈਲਥ ਸਿਸਟਮ (CSCHS) ਤੋਂ ਆਪਣੇ ਬਿੱਲਾਂ ਦਾ ਭੁਗਤਾਨ ਕਰਨ ਵਿੱਚ ਮਦਦ ਲਈ ਯੋਗ ਹੋ ਸਕਦੇ ਹੋ।** ਸਾਡਾ ਹੈਲਥਕੇਅਰ ਐਕਸੈਸ ਪ੍ਰੋਗਰਾਮ (HAP) ਉਹਨਾਂ ਯੋਗ ਮਰੀਜ਼ਾਂ ਨੂੰ ਮੁਫ਼ਤ ਜਾਂ ਛੋਟ ਵਾਲੀਆਂ ਡਾਕਟਰੀ ਤੌਰ 'ਤੇ ਲੋੜੀਂਦੀਆਂ ਸੇਵਾਵਾਂ ਅਤੇ ਸਪਲਾਈ ਪ੍ਰਦਾਨ ਕਰਦਾ ਹੈ, ਜਿਨ੍ਹਾਂ ਦਾ (1) ਬੀਮਾ ਨਹੀਂ ਹੋਇਆ ਹੈ ਜਾਂ (2) ਬੀਮਾ ਹੋਇਆ ਹੈ ਅਤੇ ਜਿਨ੍ਹਾਂ ਦੇ ਜੇਬ ਵਿੱਚੋਂ ਜ਼ਿਆਦਾ ਡਾਕਟਰੀ ਖਰਚੇ ਹੋਏ ਹਨ। ਬਿਨੈਕਾਰਾਂ ਦੀ Medi-Cal, Medi-Cal ਅਨੁਮਾਨਿਤ ਯੋਗਤਾ, ਕਵਰਡ ਕੈਲੀਫੋਰਨੀਆ, ਅਤੇ ਹੋਰ ਜਨਤਕ ਸਿਹਤ ਸੰਭਾਲ ਪ੍ਰੋਗਰਾਮਾਂ ਲਈ ਵੀ ਜਾਂਚ ਕੀਤੀ ਜਾਵੇਗੀ।

ਜੇਕਰ ਕਿਸੇ ਮਰੀਜ਼ ਦੀ ਕੁੱਲ ਪਰਿਵਾਰਕ ਆਮਦਨ ਸੰਘੀ ਗਰੀਬੀ ਪੱਧਰ (FPL) ਦੇ 650% ਤੋਂ ਘੱਟ ਹੈ **ਅਤੇ** ਹੇਠ ਲਿਖੀਆਂ ਸ਼੍ਰੇਣੀਆਂ ਵਿੱਚੋਂ ਇੱਕ ਵਿੱਚ ਫਿੱਟ ਹੈ, ਤਾਂ ਉਹ ਮਰੀਜ਼ HAP ਲਈ ਯੋਗ ਹੋ ਸਕਦਾ ਹੈ:

a. ਮਰੀਜ਼ ਕੋਲ ਸਿਹਤ ਬੀਮਾ (ਜਾਂ ਡਾਕਟਰੀ ਤੌਰ 'ਤੇ ਲੋੜੀਂਦੀਆਂ ਸੇਵਾਵਾਂ ਜਾਂ ਸਪਲਾਈਆਂ ਲਈ ਭੁਗਤਾਨ ਦਾ ਕੋਈ ਹੋਰ ਸਰੋਤ) ਨਹੀਂ ਹੈ; **ਜਾਂ**

b. ਮਰੀਜ਼ ਕੋਲ ਸਿਹਤ ਬੀਮਾ ਹੈ ਪਰ CSCHS 'ਤੇ ਉਸਨੇ ਸਾਲਾਨਾ ਖਰਚੇ ਕੀਤੇ ਹਨ, ਜੋ ਮਰੀਜ਼ ਦੀ ਮੌਜੂਦਾ ਪਰਿਵਾਰਕ ਆਮਦਨ ਦੇ 10% ਜਾਂ ਪਿਛਲੇ 12 ਮਹੀਨਿਆਂ ਦੌਰਾਨ ਪਰਿਵਾਰਕ ਆਮਦਨ ਦੇ 10% ਤੋਂ ਵੱਧ ਹਨ, ਜੋ ਵੀ ਘੱਟ ਹੋਵੇ; **ਜਾਂ**

c. ਮਰੀਜ਼ ਕੋਲ ਸਿਹਤ ਬੀਮਾ ਹੈ ਪਰ ਉਹਨਾਂ ਅਤੇ/ਜਾਂ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੇ ਸਾਲਾਨਾ ਡਾਕਟਰੀ ਖਰਚਿਆਂ ਦਾ ਭੁਗਤਾਨ ਕੀਤਾ ਹੈ, ਜੋ ਮਰੀਜ਼ ਦੀ ਪਰਿਵਾਰਕ ਆਮਦਨ ਦੇ 10% ਤੋਂ ਵੱਧ ਹਨ।

| **ਸੰਘੀ ਗਰੀਬੀ ਪੱਧਰ (FPL) ਦਾ 650% (2024)** | | |
|---|---|---|
| *ਪਰਿਵਾਰ ਦੇ ਵਿਅਕਤੀ/ ਪਰਿਵਾਰਕ ਮੈਂਬਰ* | *ਮਹੀਨਾਵਾਰ ਆਮਦਨ* | *ਸਾਲਾਨਾ ਆਮਦਨ* |
| 1 | $8,158 | $97,890 |
| 2 | $11,072 | $132,860 |
| 3 | $13,986 | $167,830 |
| 4 | $16,900 | $202,800 |
| 5 | $19,815 | $237,770 |
| 6 | $22,729 | $272,740 |
| 7 | $25,643 | $307,710 |
| 8 | $28,557 | $342,680 |
| ਜ਼ਿਆਦਾ ਪਰਿਵਾਰਕ ਮੈਂਬਬਰਾਂ ਲਈ FPL ਦਿਸ਼ਾ-ਨਿਰਦੇਸ਼ ਲੱਭਣ ਵਾਸਤੇ ਕਿਰਪਾ ਕਰਕੇ aspe.hhs.gov/topics/poverty-economic-mobility/poverty-guidelines 'ਤੇ ਜਾਓ। | | |

ਇੱਕ ਅਜਿਹਾ ਮਰੀਜ਼, ਜੋ ਉਪਰੋਕਤ ਸ਼੍ਰੇਣੀਆਂ ਵਿੱਚੋਂ ਇੱਕ ਨੂੰ ਪੂਰਾ ਕਰਦਾ ਹੈ ਅਤੇ ਜਿਸਦੀ ਪਰਿਵਾਰਕ ਆਮਦਨ FPL ਦੇ 400% ਜਾਂ ਇਸਤੋਂ ਘੱਟ ਹੈ, 100% ਛੋਟ ਵਾਲੀਆਂ ਡਾਕਟਰੀ ਤੌਰ 'ਤੇ ਲੋੜੀਂਦੀਆਂ ਸੇਵਾਵਾਂ ਜਾਂ ਸਪਲਾਈਆਂ ਲਈ ਯੋਗ ਹੈ। ਇੱਕ ਅਜਿਹਾ ਮਰੀਜ਼, ਜੋ ਸਾਂਤਾ ਕਲਾਰਾ ਕਾਉਂਟੀ ਨਿਵਾਸੀ ਹੈ ਅਤੇ ਜਿਸਦੀ ਪਰਿਵਾਰਕ ਆਮਦਨ 400% ਤੋਂ ਵੱਧ ਹੈ ਪਰ FPL ਦੇ 450%, 550%, ਜਾਂ 650% ਤੋਂ ਘੱਟ ਹੈ, ਕ੍ਰਮਵਾਰ 70%, 50%, ਜਾਂ 25% ਦੀ ਛੋਟ ਲਈ ਯੋਗ ਹੈ।

## ਵਿੱਤੀ ਸਹਾਇਤਾ ਲਈ ਅਪਲਾਈ ਕਰਨ ਦਾ ਤਰੀਕਾ

*ਕਦਮ 1. CSCHS ਵਿੱਤੀ ਸਹਾਇਤਾ ਐਪਲੀਕੇਸ਼ਨ ਨੂੰ ਪੂਰਾ ਕਰੋ*

ਐਪਲੀਕੇਸ਼ਨ **scvh.org/bill-help** 'ਤੇ ਔਨਲਾਈਨ ਉਪਲਬਧ ਹੈ। ਇੱਕ ਮਰੀਜ਼ ਨੂੰ ਆਪਣੀ ਪਹਿਲੀ ਬਿਲਿੰਗ ਸਟੇਟਮੈਂਟ 'ਤੇ ਮਿਤੀ ਤੋਂ 180 ਦਿਨਾਂ ਦੇ ਅੰਦਰ CSCHS ਨੂੰ ਇੱਕ ਪੂਰੀ ਕੀਤੀ ਐਪਲੀਕੇਸ਼ਨ ਅਤੇ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਾਉਣ ਲਈ ਸਾਰੇ ਉਚਿਤ ਯਤਨ ਕਰਨੇ ਚਾਹੀਦੇ ਹਨ।

*ਕਦਮ 2. ਸਾਰੇ ਲੋੜੀਂਦੇ ਸਹਾਇਕ ਦਸਤਾਵੇਜ਼ ਇਕੱਤਰ ਕਰੋ*

ਇੱਕ ਮਰੀਜ਼ ਨੂੰ ਆਪਣੀ ਐਪਲੀਕੇਸ਼ਨ ਨਾਲ ਹੇਠਾਂ ਦਿੱਤੇ ਦਸਤਾਵੇਜ਼ਾਂ ਵਿੱਚੋਂ **ਇੱਕ ਹਰੇਕ** ਪ੍ਰਦਾਨ ਕਰਨ ਦੀ ਜ਼ਰੂਰਤ ਹੁੰਦੀ ਹੈ:

1. **ਪਛਾਣ ਦਾ ਸਬੂਤ** (ਉਦਾਹਰਨ ਲਈ: ਡ੍ਰਾਈਵਰਜ਼ ਲਾਇਸੰਸ, ਪਾਸਪੋਰਟ, ਸਰਕਾਰ ਦੁਆਰਾ ਜਾਰੀ ਆਈ.ਡੀ., ਕੰਮ ਜਾਂ ਸਕੂਲ ਆਈ.ਡੀ., ਜਾਂ ਜਨਮ ਸਰਟੀਫਿਕੇਟ ਅਤੇ ਹੋਰ ਆਈ.ਡੀ., ਜਿਵੇਂ ਕਿ ਜਿਮ ਜਾਂ ਕੋਸਟਕੋ ਮੈਂਬਰਸ਼ਿਪ);

2. **ਆਮਦਨ ਦਾ ਸਬੂਤ** (ਉਦਾਹਰਨ ਲਈ: ਹਾਲੀਆ ਪੇਅ ਸਟੱਬਸ ਜਾਂ ਇਨਕਮ ਟੈਕਸ ਰਿਟਰਨ); ਅਤੇ
3. **ਰਿਹਾਇਸ਼ ਦਾ ਸਬੂਤ** (ਉਦਾਹਰਨ ਲਈ: ਕਿਰਾਏ ਦਾ ਇਕਰਾਰਨਾਮਾ/ਲੀਜ਼, ਮੌਰਗੇਜ ਸਟੇਟਮੈਂਟ, ਉਪਯੋਗਤਾ ਬਿੱਲ, ਵਾਹਨ ਦੀ ਰਜਿਸਟ੍ਰੇਸ਼ਨ, ਡਰਾਈਵਰ ਲਾਇਸੰਸ, ਬੇਘਰ ਹੋਣ ਦੀ ਘੋਸ਼ਣਾ, ਜਾਂ ਬਿਨੈਕਾਰ, ਜਿਸ ਵਿਅਕਤੀ ਨਾਲ ਰਹਿ ਰਿਹਾ ਹੈ, ਉਸ ਕੋਲੋਂ ਉਸ ਵਿਅਕਤੀ ਲਈ ਸਹਾਇਤਾ ਪੱਤਰ ਅਤੇ ਰਿਹਾਇਸ਼ ਦਾ ਸਬੂਤ)।

ਕੁਝ ਹੈਲਥਕੇਅਰ ਕਵਰੇਜ ਪ੍ਰੋਗਰਾਮਾਂ ਲਈ ਯੋਗਤਾ ਲਈ ਵਾਧੂ ਦਸਤਾਵੇਜ਼ਾਂ ਦੀ ਜ਼ਰੂਰਤ ਹੋ ਸਕਦੀ ਹੈ। ਜੇਕਰ ਹੋਰ ਦਸਤਾਵੇਜ਼ਾਂ ਦੀ ਲੋੜ ਹੁੰਦੀ ਹੈ, ਤਾਂ ਬਿਨੈਕਾਰਾਂ ਨੂੰ ਦਿਸ਼ਾ-ਨਿਰਦੇਸ਼ ਦਿੱਤੇ ਜਾਣਗੇ ਕਿ ਕਿਹੜੇ ਦਸਤਾਵੇਜ਼ ਪ੍ਰਦਾਨ ਕਰਨੇ ਹਨ।

*ਕਦਮ 3. CSCHS ਨੂੰ ਆਪਣੀ ਪੂਰੀ ਐਪਲੀਕੇਸ਼ਨ ਅਤੇ ਸਹਾਇਕ ਦਸਤਾਵੇਜ਼ ਜਮ੍ਹਾ ਕਰੋ*

ਸਾਰੇ ਲੋੜੀਂਦੇ ਦਸਤਾਵੇਜ਼ਾਂ ਨਾਲ ਪੂਰੀਆਂ ਕੀਤੀਆਂ ਐਪਲੀਕੇਸ਼ਨਾਂ ਨੂੰ 408-494-7848 'ਤੇ ਫੈਕਸ ਕੀਤਾ ਜਾ ਸਕਦਾ ਹੈ, CSCHS ਮਰੀਜ਼ ਪਹੁੰਚ ਵਿਭਾਗ (770 ਐੱਸ. ਬਾਕਸੌਮ, ਸੈਨ ਜੋਸ, ਸੀ.ਏ. 95128), ਜਾਂ HHSVCApp@hhs.sccgov.org 'ਤੇ ਈ-ਮੇਲ ਕੀਤਾ ਜਾ ਸਕਦਾ ਹੈ। ਜੇਕਰ ਤੁਸੀਂ CSCHS ਨੂੰ ਈ-ਮੇਲ ਕਰਨਾ ਚਾਹੁੰਦੇ ਹੋ, ਤਾਂ ਅਸੀਂ ਇਹ ਸਿਫ਼ਾਰਿਸ਼ ਕਰਦੇ ਹਾਂ ਕਿ ਤੁਸੀਂ ਆਪਣੇ ਨਿੱਜੀ ਦਸਤਾਵੇਜ਼ਾਂ ਦੀ ਗੋਪਨੀਯਤਾ ਅਤੇ ਸੁਰੱਖਿਆ ਦੀ ਰੱਖਿਆ ਲਈ ਆਪਣੇ ਮੈਸੇਜ ਨੂੰ ਇਨਕ੍ਰਿਪਟ ਕਰੋ।

ਯੋਗ ਸਾਂਤਾ ਕਲਾਰਾ ਕਾਉਂਟੀ ਨਿਵਾਸੀ ਇੱਕ ਸਾਲ ਦੀ ਮਿਆਦ ਲਈ HAP ਲਈ ਯੋਗ ਹੋ ਸਕਦੇ ਹਨ (ਜਦੋਂ ਤੱਕ ਕਿ ਉਹ ਸਿਹਤ ਸੰਭਾਲ ਸੇਵਾਵਾਂ ਲਈ ਭੁਗਤਾਨ ਦੇ ਕਿਸੇ ਤੀਜੀ-ਧਿਰ ਦੇ ਸਰੋਤ ਲਈ ਯੋਗ ਨਹੀਂ ਹੁੰਦੇ)। ਯੋਗ ਗੈਰ-ਕਾਉਂਟੀ ਨਿਵਾਸੀਆਂ ਨੂੰ ਹਰ ਵਾਰ CSCHS ਤੋਂ ਦੇਖਭਾਲ ਪ੍ਰਾਪਤ ਕਰਨ 'ਤੇ HAP ਲਈ ਅਪਲਾਈ ਕਰਨਾ ਚਾਹੀਦਾ ਹੈ। ਮਰੀਜ਼ ਉਸੇ ਸਮੇਂ ਵਿੱਤੀ ਸਹਾਇਤਾ ਅਤੇ ਹੋਰ ਸਿਹਤ ਸੰਭਾਲ ਕਵਰੇਜ, ਜਿਵੇਂ ਕਿ Medi-Cal ਜਾਂ ਕਵਰਡ ਕੈਲੀਫੋਰਨੀਆ ਲਈ ਅਪਲਾਈ ਕਰ ਸਕਦੇ ਹਨ।

## ਕੀ ਮਦਦ ਚਾਹੀਦੀ ਹੈ?

ਵਿੱਤੀ ਸਹਾਇਤਾ ਅਤੇ ਸਿਹਤ ਸੰਭਾਲ ਕਵਰੇਜ ਲਈ ਅਪਲਾਈ ਕਰਨ ਲਈ ਪੂਰੀ ਵਿੱਤੀ ਸਹਾਇਤਾ ਪਾਲਿਸੀ, ਹੋਰ ਜਾਣਕਾਰੀ ਅਤੇ **ਮੁਫ਼ਤ ਮਦਦ** ਪ੍ਰਾਪਤ ਕਰਨ ਲਈ, ਕਿਰਪਾ ਕਰਕੇ ਮਰੀਜ਼ ਵਿੱਤੀ ਸੇਵਾਵਾਂ ਨਾਲ ਸੰਪਰਕ ਕਰੋ:

- scvh.org/bill-help 'ਤੇ ਔਨਲਾਈਨ;
- **ਫ਼ੋਨ ਦੁਆਰਾ** 866-967-4677 'ਤੇ (ਸਵੇਰੇ 8 ਵਜੇ ਤੋਂ ਸ਼ਾਮ 4:30 ਵਜੇ, ਸੋਮਵਾਰ ਤੋਂ ਸ਼ੁੱਕਰਵਾਰ); ਜਾਂ
- **ਵਿਅਕਤੀਗਤ ਰੂਪ ਵਿੱਚ** 770 ਐੱਸ. ਬਾਸਕੌਮ ਐਵੇਨਿਊ, ਸੈਨ ਜੋਸ, ਸੀ.ਏ. 95128 ਪਤੇ 'ਤੇ (ਉਪਰੋਕਤ ਦੇ ਤੌਰ ਤੇ ਉਸੇ ਦਿਨ ਅਤੇ ਸਮੇਂ)।

CSCHS ਦੀਆਂ ਖਰੀਦਦਾਰੀਯੋਗ ਸੇਵਾਵਾਂ ਦੀ ਸੂਚੀ ਲਈ, ਕਿਰਪਾ ਕਰਕੇ scvh.org/shoppable-services 'ਤੇ ਜਾਓ।

*ਭਾਸ਼ਾ ਸੰਬੰਧੀ ਸਹਾਇਤਾ ਸੇਵਾਵਾਂ ਅਤੇ ਵਿਕਲਪਕ ਫਾਰਮੈਟ*

ਇਸ ਨੋਟਿਸ ਨੂੰ ਕਿਸੇ ਹੋਰ ਭਾਸ਼ਾ ਵਿੱਚ ਜਾਂ ਕਿਸੇ ਪਹੁੰਚਯੋਗ ਵਿਕਲਪਿਕ ਫਾਰਮੈਟ ਵਿੱਚ ਪ੍ਰਾਪਤ ਕਰਨ ਲਈ—ਜਿਸ ਵਿੱਚ ਵੱਡੇ ਪ੍ਰਿੰਟ, ਬ੍ਰੇਲ, ਆਡੀਓ, ਅਤੇ ਇਲੈਕਟ੍ਰਾਨਿਕ ਫਾਰਮੈਟ ਸ਼ਾਮਲ ਹਨ, ਜੋ ਕਿ ਪਹੁੰਚਯੋਗ ਹਨ ਅਤੇ ਇੱਕ ਲਾਜ਼ੀਕਲ ਰੀਡਿੰਗ ਕ੍ਰਮ ਵਿੱਚ ਸਕ੍ਰੀਨ ਰੀਡਰ ਦੁਆਰਾ ਪੜ੍ਹੇ ਜਾ ਸਕਦੇ ਹਨ—866-967-4677 (TTY: 711) 'ਤੇ ਕਾਲ ਕਰੋ। ਇਹ ਸੇਵਾਵਾਂ ਮੁਫ਼ਤ ਹਨ।

*ਤੁਹਾਡੇ ਬਿੱਲ ਦਾ ਭੁਗਤਾਨ ਕਰਨ ਵਿੱਚ ਮਦਦ ਕਰਨਾ*

ਇੱਥੇ ਅਜਿਹੀਆਂ ਮੁਫ਼ਤ ਖਪਤਕਾਰ ਵਕਾਲਤ ਸੰਸਥਾਵਾਂ ਹਨ, ਜੋ ਬਿਲਿੰਗ ਅਤੇ ਭੁਗਤਾਨ ਪ੍ਰਕਿਰਿਆ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਨਗੀਆਂ। ਤੁਸੀਂ ਹੈਲਥ ਕੰਜ਼ਿਊਮਰ ਅਲਾਇੰਸ ਨੂੰ 888-804-3536 'ਤੇ ਕਾਲ ਕਰ ਸਕਦੇ ਹੋ ਜਾਂ ਹੋਰ ਜਾਣਕਾਰੀ ਲਈ healthconsumer.org 'ਤੇ ਜਾ ਸਕਦੇ ਹੋ।

*ਹਸਪਤਾਲ ਬਿੱਲ ਸ਼ਿਕਾਇਤ ਪ੍ਰੋਗਰਾਮ*

ਹਸਪਤਾਲ ਬਿੱਲ ਸ਼ਿਕਾਇਤ ਪ੍ਰੋਗਰਾਮ ਇੱਕ ਰਾਜ ਪ੍ਰੋਗਰਾਮ ਹੈ, ਜੋ ਹਸਪਤਾਲ ਦੇ ਫ਼ੈਸਲਿਆਂ ਦੀ ਸਮੀਖਿਆ ਕਰਦਾ ਹੈ ਕਿ ਕੀ ਤੁਸੀਂ ਆਪਣੇ ਹਸਪਤਾਲ ਦੇ ਬਿੱਲ ਦਾ ਭੁਗਤਾਨ ਕਰਨ ਵਿੱਚ ਮਦਦ ਲਈ ਯੋਗ ਹੋ ਜਾਂ ਨਹੀਂ। ਜੇਕਰ ਤੁਹਾਨੂੰ ਇਹ ਲੱਗਦਾ ਹੈ ਕਿ ਤੁਹਾਨੂੰ ਗਲਤ ਢੰਗ ਨਾਲ ਵਿੱਤੀ ਸਹਾਇਤਾ ਤੋਂ ਇਨਕਾਰ ਕੀਤਾ ਗਿਆ ਸੀ, ਤਾਂ ਤੁਸੀਂ ਹਸਪਤਾਲ ਬਿੱਲ ਸ਼ਿਕਾਇਤ ਪ੍ਰੋਗਰਾਮ ਕੋਲ ਸ਼ਿਕਾਇਤ ਦਰਜ ਕਰਵਾ ਸਕਦੇ ਹੋ। ਵਧੇਰੇ ਜਾਣਕਾਰੀ ਅਤੇ ਸ਼ਿਕਾਇਤ ਦਰਜ ਕਰਨ ਲਈ HospitalBillComplaintProgram.hcai.ca.gov 'ਤੇ ਜਾਓ।

**ATTENTION:** If you need help in your language, please call 1-866-967-4677 (TTY: 711) or visit Patient Financial Services. The office is open 8 a.m. to 4:30 p.m., Monday to Friday, and located at 770 S. Bascom Avenue, San José, CA 95128. Aids and services for people with disabilities, like documents in braille, large print, audio, and other accessible electronic formats are also available. These services are free.

**ATENCIÓN:** Si necesita ayuda en su idioma, llame al 1-866-967-4677 (TTY: 711) o visite Servicios Financieros para Pacientes. La oficina está abierta de 8 a.m. a 4:30 p.m., de lunes a viernes, y se encuentra en 770 S. Bascom Avenue, San José, CA 95128. También hay ayudas y servicios disponibles para personas con alguna discapacidad, como documentos en braille, letra grande, audio y otros formatos electrónicos accesibles. Estos servicios son gratuitos.

**LƯU Ý:** Nếu quý vị cần trợ giúp bằng ngôn ngữ của mình, vui lòng gọi số 1-866-967-4677 (Cho người câm điếc TTY: 711) hoặc ghé đến phòng Patient Financial Services. Văn phòng mở cửa từ 8 giờ sáng đến 4 giờ 30 chiều, từ thứ Hai đến thứ Sáu, và tọa lạc tại số 770 S. Bascom Avenue, San José, CA 95128. Hỗ trợ và dịch vụ dành cho người khuyết tật, như tài liệu bằng chữ nổi braille, chữ in lớn, phương tiện âm thanh và các phương tiện điện tử khác có thể truy cập cũng có sẵn. Những dịch vụ này thì miễn phí.

**注意**：如果您需要語言方面的協助，請致電 1-866-967-4677 (TTY: 711)或造訪患者財務服務部門 (Patient Financial Services)。該辦公室的開放時間為週一至週五上午 8 點至下午 4點30分。地址位於加州聖荷西市 770 號S. Bascom 大道，郵政編碼95128。另有提供輔助殘障人士的服務: 例如盲文、大字印刷、音訊和其他無障礙電子格式等。這些服務都是免費的。

**注意**：如果您需要语言方面的协助，请拨打1-866-967-4677 (TTY: 711) 或造访患者财务服务部门 (Patient Financial Services)。办公时间为周一至周五上午8点至下午4点30分，位于加州圣何塞市770号S. Bascom大道，邮编95128。另有提供辅助残疾人的服务，如盲文、大字体、音频和其他无障碍电子格式等。这些服务均为免费。

**ATENSYON:** Kung kailangan mo ng tulong sa iyong wika, mangyaring tumawag sa 1-866-967-4677 (TTY: 711) o bisitahin ang Patient Financial Services. Ang opisina ay bukas mula 8 a.m. hanggang 4:30 p.m., Lunes hanggang Biyernes, at matatagpuan sa 770 S. Bascom Avenue, San José, CA 95128. Mga tulong at serbisyo para sa mga taong may kapansanan, gaya ng mga dokumentong naka-braille, malaking imprenta, audio, at iba pang accessible na elektronikong format ay mayroon din. Ang mga serbisyong ito ay walang bayad.

**ਧਿਆਨ ਦਿਓ:** ਜੇਕਰ ਤੁਹਾਨੂੰ ਆਪਣੀ ਭਾਸ਼ਾ ਵਿੱਚ ਮਦਦ ਚਾਹੀਦੀ ਹੈ, ਤਾਂ ਕਿਰਪਾ ਕਰਕੇ 1-866-967-4677 (TTY: 711) 'ਤੇ ਕਾਲ ਕਰੋ ਜਾਂ ਮਰੀਜ਼ ਵਿੱਤੀ ਸੇਵਾਵਾਂ 'ਤੇ ਜਾਓ। ਦਫ਼ਤਰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 4:30 ਵਜੇ ਤੱਕ ਖੁੱਲ੍ਹਾ ਰਹਿੰਦਾ ਹੈ, ਅਤੇ 770 S. Bascom Avenue, San José, CA 95128 'ਤੇ ਸਥਿਤ ਹੈ। ਅਪਾਹਜਤਾਵਾਂ ਵਾਲੇ ਲੋਕਾਂ ਲਈ ਸਹਾਇਤਾ ਅਤੇ ਸੇਵਾਵਾਂ, ਜਿਵੇਂ ਕਿ ਬਰੇਲ ਵਿੱਚ ਦਸਤਾਵੇਜ਼, ਵੱਡੇ ਪ੍ਰਿੰਟ, ਆਡੀਓ, ਅਤੇ ਹੋਰ ਪਹੁੰਚਯੋਗ ਇਲੈਕਟ੍ਰਾਨਿਕ ਫਾਰਮੈਟ ਵੀ ਉਪਲਬਧ ਹਨ। ਇਹ ਸੇਵਾਵਾਂ ਮੁਫਤ ਹਨ।

**توجه:** اگر به زبان خود به کمک نیاز دارید، لطفاً با شماره 1-866-967-4677 (TTY: 711) تماس بگیرید یا از خدمات مالی بیمار بازدید کنید. این دفتر از دوشنبه تا جمعه از ساعت 8 صبح تا 4:30 بعد از ظهر باز است و در 770 S. Bascom Avenue, San José, CA 95128 واقع شده است. کمک‌ها و خدمات برای افراد دارای معلولیت، مانند اسناد به خط بریل، چاپ بزرگ، صوت، و سایر قالب‌های الکترونیکی قابل دسترس نیز موجود است. این خدمات رایگان هستند.

**注意**：あなたの言語でサポートが必要な場合は、1-866-967-4677（TTY：711) にお電話いただくか、患者様金融サービス（Patient Financial Services）にアクセスしてください。オフィスの営業時間は、月曜日から金曜日の午前8時から午後4時30分までで、所在地は770 S. Bascom Avenue, San José, CA 95128です。点字、大きな活字、音声、その他のアクセシビリティに配慮した電子形式の文書など、障害のある方向けの支援やサービスも利用できます。これらのサービスは無料です。

**알림사항:** 만약에 언어 통역 서비스가 필요하신 경우, 1-866-967-4677 (TTY -전신타자기: 711) 로 전화를 주시거나 '환자 재정지원 서비스부' (Patient Financial Services)에 직접 오시기 바랍니다. 저희 부서의 근무시간은 오전 8시부터 오후 4시 30분까지이며 월요일부터 금요일까지 근무하고 있고 주소는 770 S. Bascom Avenue, San Jose, CA 95128 입니다. 장애자를 위한 도움 및 서비스가 필요하신 분들을 위해서 브라유 점자 및 큰 활자 또는 음성 테이프 및 다른 전자 형식으로 작성된 문서들을 이용하실 수 있도록 준비해 두었습니다. 이러한 서비스는 무료입니다.

**ВНИМАНИЕ:** Если Вам нужна помощь на Вашем языке, пожалуйста, позвоните по телефону 1-866-967-4677 (TTY для слабослышащих: 711) или обратитесь в отдел финансовых услуг для пациентов (Patient Financial Services). Офис открыт с 8:00 до 16:30, с понедельника по пятницу и находится по адресу: 770 S. Bascom Avenue, San José, CA 95128. Также доступны вспомогательные средства и услуги для лиц с ограниченными возможностями здоровья, например, документы, напечатанные шрифтом Брайля, крупным шрифтом, в аудио- и других электронных форматах расширенного доступа. Эти услуги предоставляются бесплатно.

**ध्यान दें:** यदि आपको अपनी भाषा में सहायता चाहिए, तो कृपया 1-866-967-4677 (TTY: 711) पर कॉल करें या रोगी वित्तीय सेवाओं पर जाएँ। कार्यालय सोमवार से शुक्रवार सुबह 8 बजे से शाम 4:30 बजे तक खुला रहता है और 770 S. Bascom Avenue, San José, CA 95128 पर स्थित है। विकलांग लोगों के लिए सहायता और सेवाएँ, जैसे ब्रेल, बड़े प्रिंट, ऑडियो और अन्य सुलभ इलेक्ट्रॉनिक प्रारूप में दस्तावेज़ भी उपलब्ध हैं। ये सेवाएँ निःशुल्क हैं.

**โปรดทราบ:** หากคุณต้องการความช่วยเหลือเกี่ยวกับภาษา โปรดโทรไปที่หมายเลข 1-866-967-4677 (TTY: 711) หรือไปที่ฝ่ายบริการทางการเงินสำหรับผู้ป่วย (Patient Financial Services) สำนักงานเปิดทำการเวลา 8.00 น. ถึง 16.30 น. วันจันทร์ถึงวันศุกร์ และตั้งอยู่ที่ 770 S. Bascom Avenue, San José, CA 95128
มีความช่วยเหลือและบริการสำหรับผู้พิการไว้ให้บริการด้วย เช่น เอกสารอักษรเบรลล์ ตัวพิมพ์ขนาดใหญ่ สื่อประเภทเสียง และรูปแบบอิเล็กทรอนิกส์อื่น ๆ ที่สามารถเข้าถึงได้ บริการทั้งหมดเหล่านี้ฟรี

**يرجى الانتباه:** إذا كنت ترغب بالحصول على المساعدة بلغتك، فيرجى الاتصال بالرقم 1-866-967-4677 (الهاتف النصي: 711) أو زيارة الخدمات المالية للمرضى. المكتب مفتوح من الساعة 8 صباحا حتى 4:30 مساء، من الاثنين إلى الجمعة، ويقع في 770 S. Bascom Avenue, San José, CA 95128 تتوفر أيضا مساعدات وخدمات للأشخاص ذوي الإعاقة، مثل المستندات بطريقة برايل والطباعة الكبيرة والتسجيل الصوتي وغيرها من الأشكال الإلكترونية الميسرة. تتوفر هذه الخدمات

**ՈՒՇԱԴՐՈՒԹՅՈՒՆ՝** Ձեր լեզվով աջակցման կարիքի դեպքում, խնդրում ենք զանգահարել 1-866-967-4677 (TTY՝ 711) կամ այցելել Բուժառուների ֆինանսական ծառայություններ: Գրասենյակը բաց է երկուշաբթիից ուրբաթ, ժամը՝ 08:00-16:30 և գտնվում է 770 S. Bascom Avenue, San José, CA 95128 հասցեում: Հաշմանդամություն ունեցող անձանց համար գործում են աջակցման և այլ ծառայություններ, ինչպիսիք են բրայլյան գիրը, խոշոր տպագիրը, աուդիո և հասանելի այլ էլեկտրոնային ձևաչափերով միջոցները: Այս ծառայությունները գործում են անվճար:

**សូមជ្រាប៖** ប្រសិនបើអ្នកត្រូវការជំនួយជាភាសារបស់អ្នក សូមហៅទូរសព្ទទៅលេខ 1-866-967-4677 (TTY: 711) ឬទៅជួបផ្នែកសេវាកម្មហិរញ្ញវត្ថុអ្នកជំងឺ។ ការិយាល័យបើកពីម៉ោង 8 ព្រឹកដល់ម៉ោង 4:30 ល្ងាច ពីថ្ងៃចន្ទដល់សុក្រ និងទីតាំងស្ថិតនៅ 770 S. Bascom Avenue, San José, CA 95128។ក៏មានជំនួយ និងសេវាកម្មសម្រាប់អ្នកដែលមានពិការភាពផងដែរ ដូចជាឯកសារជាអក្សរស្ទាប អក្សរបោះពុម្ពធំៗ សំឡេង និងទម្រង់អេឡិចត្រូនិកដែលអាចចូលប្រើបានផ្សេងទៀត។ សេវាកម្មទាំងនេះគឺឥតគិតថ្លៃ។

**NCO NTSOOV:** Yog tias koj xav tau kev pab ua koj hom lus, ces thov hu rau tus xov tooj 1-866-967-4677 (TTY: 711) lossis mus ntsib Kev Pab Cuam Fab Nyiaj Txiag Rau Neeg Mob (Patient Financial Services). Lub chaw ua hauj lwm qhib thaum 8 teev sawv ntxov txog 4:30 teev tsaus ntuj, Hnub Monday txog Hnub Friday, thiab nyob rau ntawm 770 S. Bascom Avenue, San José, CA 95128. Tsis tas li xwb, kuj tseem muaj tej kev pab dawb thiab cov kev pab cuam rau cov neeg xiam oob qhab, xws li cov ntaub ntawv ua ntawv xuas, luam ua tus ntawv loj, kaw suab lus, thiab lwm yam qauv es lev thaus niv uas tuaj yeem nkag mus siv tau tib si thiab. Cov kev pab cuam no yog pub dawb xwb.